Tel: 604.596.7733
www.surreyschools.ca

# Communicating with your school
# ਸਕੂਲ ਦੇ ਕਰਮਚਾਰੀਆਂ ਨਾਲ ਗੱਲਬਾਤ ਕਰਨ ਲਈ ਸੁਝਾਓ

ਸਾਡੇ ਸਕੂਲ ਦਾ ਸਟਾਫ ਤੁਹਾਡੇ ਸਕੂਲ ਸਬੰਧੀ ਸਵਾਲਾਂ ਦੇ ਜਾਂ ਫਿਕਰਾਂ ਦੇ ਹੱਲ਼ ਲੱਭਣ ਲਈ ਉਤਾਵਲੇ ਹਨ। ਬੱਚਿਆਂ ਦੀ ਪੜ੍ਹਾਈ ਸਕੂਲ ਅਤੇ ਮਾਪਿਆਂ ਦੇ ਰਲ ਕੇ ਚਲਣ ਉਪਰ ਨਿਰਭਰ ਹੈ ਅਤੇ ਇਸ ਲਈ ਇਹ ਜ਼ਰੂਰੀ ਹੈ ਕਿ ਦੋਹਾਂ ਧਿਰਾਂ ਵਿਚਕਾਰ ਗੱਲਬਾਤ ਕਰਨ ਲਈ ਰਾਹ ਸਾਫ ਅਤੇ ਮਜ਼ਬੂਤ ਹੋਣ।

ਮਾਪਿਆਂ ਨੂੰ ਜਦੋਂ ਕੋਈ ਵੀ ਸ਼ੱਕ ਜਾਂ ਸਵਾਲ ਹੈ ਇਹ ਜ਼ਰੂਰੀ ਹੈ ਕਿ ਸਕੂਲ ਨਾਲ ਸੰਪਰਕ ਕਰਨ। ਇਹ ਜ਼ਰੂਰੀ ਹੈ ਕਿ ਸਭ ਤੋਂ ਪਹਿਲਾਂ ਸਵਾਲ ਬੱਚੇ ਦੇ ਅਧਿਆਪਕ ਜਾਂ ਉਸ ਮਜ਼ਬੂਨ ਦੇ ਅਧਿਆਪਕ ਨਾਲ ਗੱਲ ਸ਼ੁਰੂ ਕੀਤੀ ਜਾਵੇ। ਅਗਰ ਇਸ ਮੁਲਾਕਾਤ ਨਾਲ ਜਾਂ ਬਹੁ ਮੁਲਾਕਾਤਾਂ ਨਾਲ ਤੁਹਾਡੀ ਤੱਸਲੀ ਨਾਂ ਹੋਵੇ ਤਾਂ ਸਕੂਲ ਦੇ ਪ੍ਰਿੰਸੀਪਲ ਨੂੰ ਮਿਲੋ। ਅਗਰ ਫਿਰ ਵੀ ਤੁਹਾਨੂੰ ਤੱਸਲ਼ੀ ਨਾਂ ਹੋਵੇ ਤਾਂ ਤੁਸੀਂ ਸਕੂਲ ਦੇ ਮੀਤ ਸੁਪਰਇਨਟੈਂਨਡੈਂਟ ਨੂੰ ਮਿਲੋ। ਓਹ ਤੁਹਾਡੇ ਹਰ ਸਵਾਲ ਦੇ ਜਵਾਬ ਜ਼ਰੂਰ ਲੱਭਣਗੇ। ਅਗਰ ਤੁਸੀਂ ਫਿਰ  ਵੀ ਨਹੀਂ ਖੁਸ਼ ਤਾਂ ਸਕੂਲ ਬੋਰਡ ਦੀ ਨੀਤੀ ਨੰਬਰ 9002 ਦੇ ਅਧੀਨ ਵਿਦਿਆ ਵਿਭਾਗ ਦੇ ਕਰਮਚਾਰੀਆਂ ਨੂੰ ਮਿਲ ਸਕਦੇ ਹੋ।

## ਸਕੂਲ ਵਿੱਚ ਓਠੇ ਸਵਾਲਾਂ ਦੇ ਜਵਾਬਾਂ ਲਈ ਇਹ ਨੁਕਤੇ ਧਿਆਨ ਵਿੱਚ ਲਿਆਓ :

1. ਸਵਾਲ ਓਠਦੇ ਦੇ ਨਾਲ ਹੀ ਸਕੂਲ ਨਾਲ ਸੰਪਰਕ ਕਰੋ। ਲਾਪਵਰਵਾਹੀ ਨਾਲ ਫਿਕਰ ਨੂੰ ਵਧਾਓਣ ਦੀ ਲੋੜ ਨਹੀਂ।

2. ਆਪਣੇ ਬੱਚੇ ਦੇ ਵਿਚਾਰਾਂ ਨੂੰ ਧਿਆਨ ਨਾਲ ਸੁਣੋ। ਹਰ ਅੰਸ਼ ਦੇ ਹਰ ਪਾਸੇ ਨੂੰ ਵਿਚਾਰੋ। ਇਸ ਤਰਾਂ ਓਠੇ ਸਵਾਲ ਨੂੰ ਜੋਸ਼ ਜਾਂ ਜ਼ਜ਼ਬੇ ਤੋਂ ਦੂਰ ਰੱਖੋ।

3. ਓਠੇ ਸਵਾਲ ਨੂੰ ਆਪਣੇ ਦਿਮਾਗ ਵਿੱਚ ਚੰਗੀ ਤਰਾਂ ਸਮਝੋ। ਇਹ ਜਾਣ ਲਓ ਕਿ ਸੱਚ ਕੀ ਹੈ ਅਤੇ ਇਸ ਸਵਾਲ ਦੀ ਹੋਰ ਜਾਣਕਾਰੀ ਲਈ ਕਿਹੜੀ ਹੋਰ ਸੋਚਣੀ ਦੀ ਲੋੜ ਹੈ। ਆਪਣੇ ਸਵਾਲ ਲਿਖ ਲਓ ਜਾਂ ਦਿਮਾਗ ਵਿੱਚ ਲੈ ਆਓ।

4. ਇਹ ਫੈਸਲਾ ਕਰ ਲਓ ਕਿ ਕੀ ਬੱਚਾ ਆਪ ਹੀ ਹੱਲ ਲਭੱ ਸਕਦਾ ਹੈ ਜਾਂ ਤੁਹਾਡੀ ਪੈਰਵਾਈ ਦੀ ਜ਼ਰੂਰਤ ਹੈ।

5. ਅਗਰ ਤੁਸੀਂ ਪੈਰਵਾਈ ਕਰ ਰਹੇ ਹੋ ਤਾਂ ਜਿਸ ਸਕੂਲ ਦੇ ਕਰਮਚਾਰੀ ਨਾਲ ਇਹ ਸਵਾਲ ਸਬੰਧਤ ਹੋਵੇ ਤਾਂ ਓਸ ਹੀ ਕਰਮਚਾਰੀ ਨੂੰ ਮਿਲੋ। ਮੁਲਾਕਾਤ ਲਈ ਇੱਕ ਸਮਾਂ ਨਿਯੁਕਤ ਕਰ ਲਓ।

6. ਮੁਲਾਕਾਤ ਸਮੇਂ ਦੂਸਰੇ ਪਾਸੇ ਦੀ ਵੀ ਗੱਲਬਾਤ ਧਿਆਨ ਨਾਲ ਸੁਣੋ। ਅਕਸਰ ਮੁਸੀਬਤ ਓਦੋਂ ਖੜ੍ਹੀ ਹੁੰਦੀ ਹੈ ਜਦੋਂ ਇੱਕ ਧਿਰ ਦੂਸਰੀ ਧਿਰ ਦੀ ਵਿਆਖਿਆ ਨੂੰ ਸੁਣੀ ਅਣਸੁਣੀ ਕਰ ਦਿੰਦੀ ਹੈ  ਜਾਂ ਧਿਆਨ ਨਾਲ ਨਹੀਂ ਸੁਣਦੀ।

7. ਇਸ ਪਹਿਲੀ ਮੀਟਿੰਗ ਦੌਰਾਨ ਜਾਂ ਇੱਕ ਜਾਂ ਵੱਧ ਮੀਟਿੰਗਾਂ ਦੇ ਦੌਰਾਨ ਵੀ ਤੁਹਾਡੇ ਸਵਾਲਾਂ ਦਾ ਤੱਸਲੀ ਬਖਸ਼ ਹੱਲ ਨਹੀਂ ਮਿਲਦਾ ਤਾਂ ਓਸ ਕਰਮਚਾਰੀ ਦੇ ਸੁਪਰਵਾਈਜ਼ਰ, ਜਿਵੇਂ ਪ੍ਰਿੰਸੀਪਲ ਜਾਂ ਮੀਤ ਸੁਪਰਿਨਟੈਨਡੈਂਟ ਨੂੰ ਮਿਲੋ।

8. ਇਸ ਮੀਟਿੰਗ ਵਿੱਚ ਵੀ ਅਗਰ ਤੁਹਾਡੀ ਤੱਸਲੀ ਨਹੀਂ ਹੁੰਦੀ ਤਾਂ ਸੁਪਰਵਾਈਜ਼ਰ ਤੁਹਾਨੂੰ ਅੱਗੇ ਚਲੱਣ ਲਈ ਰਸਤਾ ਦੱਸੇਗਾ। ਇਸ ਤੋਂ ਅੱਗੇ ਸਕੂਲ ਬੋਰਡ ਦੀ ਨੀਤੀ ਅਨੁਸਾਰ ਹੱਲ ਲੱਭਿਆ ਜਾਵੇਗਾ ਅਤੇ ਇਹ ਜ਼ਰੂਰੀ ਹੈ ਕਿ ਤੁਸੀਂ ਓਸ ਵੇਲੇ ਇਸ ਨੀਤੀ ਦੀ ਇੱਕ ਕਾਪੀ ਮੀਟਿੰਗ ਵਿੱਚ ਮੰਗੋ। ਇਹ ਸਕੂਲ ਦੀ ਵੈਬ ਸਾਈਟ ਤੋਂ ਵੀ ਮਿਲ ਸਕਦੀ ਹੈ।